ਮਿੱਠੇ ਬੱਚੇ:- "ਮਿੱਠੇ ਬੱਚੇ :- ਆਪਣਾ ਸਰਨੇਮ ਸਦਾ ਯਾਦ ਰੱਖੋ, ਤੁਸੀਂ ਹੋ ਗਾਡਲੀ ਬੱਚੇ, ਤੁਹਾਡਾ ਇਸ਼ਵਰੀਏ ਕੁਲ ਹੈ। ਤੁਸੀਂ ਦੇਵਤਾਵਾਂ ਤੋਂ ਵੀ ਉੱਚੇ ਹੋ, ਤੁਹਾਡੇ ਮੈਨਰਜ(ਆਦਤਾਂ) ਬੜੀ ਰੌਇਲ ਚਾਹੀਦੇ ਹਨ।"

ਪ੍ਰਸ਼ਨ:- ਪ੍ਰਸ਼ਨ:- ਬਾਪ ਨੇ ਬੱਚਿਆਂ ਨੂੰ ਆਪ ਸਮਾਨ ਪਿਆਰ ਦਾ ਸਾਗਰ ਬਣਾਇਆ ਹੈ, ਉਸਦੀ ਨਿਸ਼ਾਨੀ ਕੀ ਹੈ?

ਉੱਤਰ:- ਤੁਸੀਂ ਬੱਚੇ ਬਾਪ ਸਮਾਨ ਪਿਆਰੇ ਬਣੇ ਹੋ, ਇਸਲਈ ਤੇ ਤੁਹਾਡੇ ਯਾਦਗਾਰ ਚਿਤਰਾਂ ਨੂੰ ਸਾਰੇ ਯਾਦ ਕਰਦੇ ਹਨ। ਪਿਆਰ ਨਾਲ ਵੇਖਦੇ ਰਹਿੰਦੇ ਹਨ। ਲਕਸ਼ਮੀ-ਨਰਾਇਣ ਸਦਾ ਹਰਸ਼ਿਤ ਮੁਖ(ਖੁਸ਼ੀ ਵਾਲਾ ਚੇਹਰਾ) ਰਮਨੀਕ ਹਨ। ਹੁਣ ਤੁਸੀਂ ਜਾਣਦੇ ਹੋ ਕਿ ਬਾਬਾ ਸਾਨੂੰ ਗਿਆਨ - ਯੋਗ ਨਾਲ ਬਹੁਤ-2 ਮਿੱਠਾ ਬਣਾ ਰਹੇ ਹਨ। ਤੁਸੀਂ ਮੂੰਹ ਨਾਲ ਸਦਾ ਗਿਆਨ ਰਤਨ ਹੀ ਕੱਢਣੇ ਹਨ।

ਗੀਤ:- ਤੂੰ ਪਿਆਰ ਦਾ ਸਾਗਰ ਹੈ...

ਓਮ ਸ਼ਾਂਤੀ। ਇਹ ਕਿਸਦੀ ਮਹਿਮਾ ਵਿਚ ਗਾਉਂਦੇ ਹਨ ਕਿ ਤੂੰ ਪਿਆਰ ਦਾ ਸਾਗਰ ਹੈ। ਇਹ ਕਿਸੇ ਮਨੁੱਖ ਦੀ ਮਹਿਮਾ ਨਹੀਂ ਹੈ। ਕਿਹਾ ਜਾਂਦਾ ਹੈ ਕਿ ਤੂੰ ਪਿਆਰ, ਸ਼ਾਂਤੀ ਅਤੇ ਪਵਿੱਤਰਤਾ ਦਾ ਸਾਗਰ ਹੈ। ਹੁਣ ਤੁਸੀਂ ਪਵਿੱਤਰ ਬਣਦੇ ਹੋ। ਇਸ ਤਰ੍ਹਾਂ ਦੇ ਬਹੁਤ ਹਨ, ਜੋ ਸ਼ਾਦੀ ਨਹੀਂ ਕਰਦੇ ਹਨ, ਬਹੁਤ ਹਨ ਜੋ ਬਿਨਾ ਸੰਨਿਆਸ ਲਏ ਵੀ ਪਵਿੱਤਰ ਰਹਿੰਦੇ ਹਨ। ਗਾਇਆ ਵੀ ਹੋਇਆ ਹੈ, ਗ੍ਰਹਿਸਤ ਵਿਵਹਾਰ ਵਿਚ ਜਨਕ ਮਿਸਲ ਗਿਆਨ। ਉਸ ਦੀ ਹਿਸਟਰੀ(ਇਤਹਾਸ) ਹੈ। ਉਸਨੇ ਕਿਹਾ ਕਿ ਕੋਈ ਮੈਨੂੰ ਬ੍ਰਹਮ ਗਿਆਨ ਸੁਣਾਵੇ। ਅਸਲ ਵਿਚ ਕਹਿਣਾ ਚਾਹੀਦਾ ਹੈ, ਬ੍ਰਹਮਾ ਗਿਆਨ ਸੁਣਾਓ। ਪਰਮਪਿਤਾ ਪਰਮਾਤਮਾ ਬ੍ਰਹਮਾ ਦਵਾਰਾ ਆਕੇ ਗਿਆਨ ਦਿੰਦੇ ਹਨ, ਬ੍ਰਹਮਾ ਕੁਮਾਰ-ਕੁਮਾਰੀਆਂ ਨੂੰ।

ਤੁਸੀਂ ਜਾਣਦੇ ਹੋ ਇਸ ਵੇਲੇ ਸਾਡਾ ਸਰਨੇਮ ਹੈ ਬ੍ਰਹਮਾ ਕੁਮਾਰ- ਕੁਮਾਰੀਆਂ, ਅਸੀਂ ਹਾਂ ਗਾਡਲੀ ਚਿਲਡਰਨ। ਇਸ ਤਰ੍ਹਾਂ ਤੇ ਸਭ ਕਹਿੰਦੇ ਹਨ, ਅਸੀਂ ਈਸ਼ਵਰ ਦੀ ਸੰਤਾਨ ਹਾਂ। ਜਰੂਰ ਭਾਈ-ਭਾਈ ਠਹਿਰੇ ਤਾਂ ਫਿਰ ਆਪਣੇ ਨੂੰ ਬਾਪ ਕਹਿ ਨਹੀਂ ਸਕਦੇ। ਫਾਦਰ ਹੁੱਡ ਨਹੀਂ, ਫਿਰ ਬ੍ਰਦਰਹੁੱਡ ਕਿਹਾ ਜਾਵੇ। ਇਕ ਤਾਂ ਤੁਸੀਂ ਬ੍ਰਹਮਾ-ਕੁਮਾਰ, ਕੁਮਾਰੀਆਂ ਕਹਿਲਾਉਂਦੇ ਹੋ, ਦੂਜਾ ਜਿਸਦੇ ਕੁਮਾਰ-ਕੁਮਾਰੀਆਂ ਹੋ ਉਨ੍ਹਾਂ ਨੂੰ ਮੰਮਾ - ਬਾਬਾ ਕਹਿੰਦੇ ਹਨ। ਬੱਚੇ ਜਾਣਦੇ ਹਨ ਅਸੀਂ ਸ਼ਿਵਬਾਬਾ ਦੇ ਪੋਤਰੇ ਪੋਤਰੀਆਂ ਬ੍ਰਹਮਾ ਕੁਮਾਰ- ਕੁਮਾਰੀਆਂ ਹਾਂ। ਭਾਰਤ ਵਿਚ ਕਈ ਸ਼ਾਸਤਰ, ਵੇਦ, ਪੁਰਾਣ ਆਦਿ ਸਭ ਪੜਦੇ ਹਨ। ਸਰਵ ਸ਼ਾਸਤਰਮਈ, ਸ਼ਿਰੋਮਨੀ ਸ਼੍ਰੀਮਦ ਭਾਗਵਤ ਗੀਤਾ ਹੈ। ਗੀਤਾ ਨਾਲ ਸਤਿਯੁਗ ਸਥਾਪਨ ਹੁੰਦਾ ਹੈ। ਗੀਤਾ ਦਾ ਗਿਆਨ ਦਿੱਤਾ ਹੈ ਗਿਆਨ ਸਾਗਰ ਪਰਮਾਤਮਾ ਨੇ। ਇਹ ਸਾਰੀਆਂ ਗਿਆਨ ਨਦੀਆਂ ਗਿਆਨ ਸਾਗਰ ਤੋਂ ਨਿਲਕਦੀਆਂ ਹਨ। ਪਾਣੀ ਦੀ ਗੰਗਾ ਤੋਂ ਗਿਆਨ ਥੋੜੀ ਮਿਲਦਾ ਹੈ ਜੋ ਪਾਵਨ ਬਣਾਂਗੇ। ਸਦਗਤੀ ਮਤਲਬ ਪਾਵਨ ਬਣਨਾ। ਇਹ ਤਾਂ ਹੈ ਹੀ ਤਮੋਪ੍ਰਧਾਨ ਪਤਿਤ ਦੁਨੀਆ। ਜੇਕਰ ਪਾਵਨ ਹੋ ਜਾਵੇਂ ਤਾਂ ਕਿਥੇ ਰਹੀਏ। ਵਾਪਿਸ ਤੇ ਜਾ ਨਹੀਂ ਸਕਦੇ। ਕ਼ਾਇਦਾ ਨਹੀਂ ਹੈ। ਸਾਰਿਆਂ ਨੇ ਦੁਬਾਰਾ ਜਨਮ ਲੈ ਕੇ ਤਮੋਪ੍ਰਧਾਨ ਬਣਨਾ ਹੀ ਹੈ। ਬਾਪ ਹੈ ਗਿਆਨ ਦਾ ਸਾਗਰ। ਤੁਸੀਂ ਪ੍ਰੈਕਟੀਕਲ ਰੂਪ ਵਿਚ ਸੁਣ ਰਹੇ ਹੋ। ਇਸਦੀ ਕੋਈ ਕਾਪੀ ਨਹੀਂ ਕਰ ਸਕਦਾ। ਚਾਹੇ ਇਸ ਤਰ੍ਹਾਂ ਦੇ ਬਹੁਤ ਹਨ ਜੋ ਕਹਿੰਦੇ ਹਨ ਅਸੀਂ ਵੀ ਇਹ ਗਿਆਨ ਦਿੰਦੇ ਹਾਂ, ਪਰੰਤੂ ਨਹੀਂ। ਇਥੇ ਜਿਸਨੂੰ ਵੀ ਗਿਆਨ ਮਿਲਦਾ ਹੈ, ਉਹ ਬ੍ਰਹਮਾਕੁਮਾਰ-ਕੁਮਾਰੀ ਕਹਿਲਾਉਂਦੇ ਹਨ। ਹੋਰ ਕੋਈ ਇਹੋ ਜਿਹੀ ਸੰਸਥਾ ਨਹੀਂ ਜਿਥੇ ਬ੍ਰਹਮਾਕੁਮਾਰ-ਕੁਮਾਰੀ ਕਹਿਲਾਉਣ। ਭਾਵੇਂ ਡ੍ਰੈਸ(ਕਪੜੇ) ਵੀ ਇਹੋ ਪਹਿਨਣ ਲੈਣ ਪਰ ਇਹ ਕਿਸ ਤਰ੍ਹਾਂ ਕਹਿਣ ਕਿ ਅਸੀਂ ਬ੍ਰਹਮਾ ਦੇ ਬੱਚੇ ਹਾਂ। ਇਹਨਾਂ ਨੂੰ ਮੈਂ ਨਾਮ ਦਿੱਤਾ ਹੈ ਬ੍ਰਹਮਾ। ਇਹਨਾਂ ਨੂੰ ਬੈਠ ਸਮਝਾਉਂਦੇ ਹਨ। ਤੁਹਾਨੂੰ ਵੀ ਕਹਿੰਦੇ ਹਨ ਤੁਸੀਂ ਬ੍ਰਹਮਾਕੁਮਾਰ ਕੁਮਾਰੀਆਂ ਆਪਣੇ ਜਨਮਾ ਨੂੰ ਨਹੀਂ ਜਾਣਦੇ, ਮੈਂ ਜਾਣਦਾ ਹਾਂ। ਹੁਣ ਸੰਗਮਯੁਗ ਤੇ ਪੈਰ ਅਤੇ ਚੋਟੀ ਹੈ। ਇਸ ਨਾਲ ਪੁਰਾਣੀ ਦੁਨੀਆ ਬਦਲ ਨਵੀ ਬਣਦੀ ਹੈ। ਸਤਿਯੁਗ ਤ੍ਰੇਤਾ, ਦਵਾਪਰ, ਕਲਯੁਗ... ਸ੍ਰਿਸ਼ਟੀ ਵਧਦੀ ਰਹਿੰਦੀ ਹੈ। ਹੁਣ ਅੰਤ ਹੈ, ਦੁਨੀਆ ਬਦਲ ਨਵੀ ਬਣਨੀ ਹੈ। ਬਾਪ ਆਕੇ ਤ੍ਰਿਕਾਲ ਦਰਸ਼ੀ ਬਣਾਉਂਦੇ ਹਨ। ਉਹ ਹੈ ਪਿਆਰ ਦਾ ਸਾਗਰ, ਤਾਂ ਜਰੂਰ ਐਸਾ ਪਿਆਰਾ ਬਣਾਏਗਾ। ਲਕਸ਼ਮੀ ਨਰਾਇਣ ਵਿਚ ਵੇਖੋ ਕਿੰਨੀ ਆਕਰਸ਼ਨ ਹੈ। ਜਿੰਨਾਂ ਲਕਸ਼ਮੀ - ਨਰਾਇਣ ਦਾ ਰਮਨੀਕ ਹਰਸ਼ਿਤ ਮੁੱਖ ਚਿੱਤਰ ਦੇਖਣਗੇ ਉਤਨਾ ਰਾਮ ਸੀਤਾ ਦਾ ਨਹੀਂ। ਲਕਸ਼ਮੀ - ਨਰਾਇਣ ਨੂੰ ਵੇਖਣ ਨਾਲ ਹੀ ਖੁਸ਼ੀ ਆ ਜਾਂਦੀ ਹੈ। ਰਾਧੇ - ਕ੍ਰਿਸ਼ਨ ਦੇ ਮੰਦਿਰ ਵਿਚ ਜਾਣ ਨਾਲ ਏਨੀ ਖੁਸ਼ੀ ਨਹੀਂ ਹੋਵੇਗੀ। ਲਕਸ਼ਮੀ - ਨਰਾਇਣ ਨੂੰ ਤਾਂ ਰਾਜ - ਭਾਗ ਹੈ। ਹੁਣ ਦੁਨੀਆ ਤੇ ਇਨ੍ਹਾਂ ਗੱਲਾਂ ਨੂੰ ਜਾਣਦੀ ਨਹੀਂ। ਤੁਸੀਂ ਜਾਣਦੇ ਹੋ ਬਾਬਾ ਬਹੁਤ ਮਿੱਠਾ ਬਣਾਉਂਦੇ ਹਨ। ਲਕਸ਼ਮੀ - ਨਾਰਾਇਣ ਨੂੰ ਗਿਆਨ ਦਾ ਸਾਗਰ ਨਹੀਂ ਕਰਾਂਗੇ। ਉਹ ਇਸ ਗਿਆਨ - ਯੋਗ ਨਾਲ ਅਜਿਹੇ ਬਣੇ। ਹੁਣ ਤੁਸੀਂ ਵੀ ਬਣਦੇ ਹੋ। ਮਨੁੱਖ ਚਾਹੁੰਦੇ ਹਨ ਕਿ ਦੁਨੀਆ ਇਕ ਹੋ ਜਾਵੇ। ਇਕ ਰਾਜ ਹੋਵੇ। ਯਾਦ ਦਿਵਾਉਂਦੇ ਹਨ ਕਿ ਕਦੇ ਇਕ ਰਾਜ ਜਰੂਰ ਸੀ। ਪਰ ਇਸ ਤਰ੍ਹਾਂ ਨਹੀਂ ਕਿ ਸਾਰੇ ਮਿਲ ਕੇ ਇਕ ਹੋ ਜਾਵਾਂਗੇ। ਨਹੀਂ। ਉਥੇ ਬਹੁਤ ਥੋੜੇ ਮਨੁੱਖ ਸਨ। ਤੁਸੀਂ ਸਮਝਦੇ ਹੋ ਅਸੀਂ ਇਸ਼ਵਰੀਏ ਸੰਤਾਨ ਹਾਂ। ਕਹਿੰਦੇ ਹਨ ਈਸ਼ਵਰ ਹਾਜਰ ਹਜੂਰ ਹੈ। ਪਰੰਤੂ ਹਾਜਰ - ਨਾਜਰ ਆਤਮਾ ਨੂੰ ਕਹਾਂਗੇ। ਆਤਮਾ ਸਰਵਵਿਆਪੀ ਹੈ, ਸਭ ਵਿਚ ਆਤਮਾ ਹੈ। ਇਵੇਂ ਨਹੀਂ ਸਭ ਵਿਚ ਪਰਮਾਤਮਾ ਹੈ। ਕਸਮ ਚੁੱਕਣ ਦੀ ਕੀ ਗੱਲ ਹੈ? ਜੇਕਰ ਸਾਡੇ ਵਿਚ ਹੀ ਪਰਮਾਤਮਾ ਹੈ ਕਸਮ ਕਿਸ ਦੀ ਚੁੱਕਦੇ ਹੋ? ਅਸੀਂ ਜੇਕਰ ਉਲਟਾ ਕੰਮ ਕਰਾਂਗੇ ਪਰਮਾਤਮਾ

ਸਜਾ ਦੇਣਗੇ। ਜੇਕਰ ਪਰਮਾਤਮਾ ਸਭ ਵਿਚ ਹਨ ਤਾਂ ਕਸਮ ਦੀ ਕੋਈ ਗੱਲ ਨਹੀਂ ਹੈ। ਹੁਣ ਤੁਸੀਂ ਸਾਕਾਰ ਵਿਚ ਹੋ। ਜਿਵੇ ਆਤਮਾ ਇਨ੍ਹਾਂ ਅੱਖਾਂ ਨਾਲ ਵੇਖੀ ਨਹੀਂ ਜਾਂਦੀ ਤਾਂ ਪਰਮਾਤਮਾ ਨੂੰ ਕਿਸ ਤਰ੍ਹਾਂ ਦੇਖਾਂਗੇ। ਮਹਿਸੂਸ ਕਰਦੇ ਹਾਂ ਸਾਡੇ ਵਿਚ ਆਤਮਾ ਹੈ। ਕਹਿਣਗੇ ਪਰਮਾਤਮਾ ਦਾ ਸਾਖਸ਼ਾਤਕਾਰ ਹੋਵੇ ਲੇਕਿਨ ਜਦੋਂ ਆਤਮਾ ਨੂੰ ਹੀ ਨਹੀਂ ਦੇਖ ਸਕਦੇ ਤਾਂ ਪਰਆਤਮਾ ਨੂੰ ਕਿਵੇਂ ਦੇਖ ਸਕਣਗੇ? ਆਤਮਾ ਹੀ ਪੁੰਨ ਆਤਮਾ, ਪਾਪ ਆਤਮਾ ਬਣਦੀ ਹੈ। ਇਸ ਸਮੇਂ ਪਾਪ ਆਤਮਾ ਹੈ। ਤੁਸੀਂ ਬਹੁਤ ਪੁੰਨ ਕੀਤਾ ਸੀ। ਬਾਪ ਦੇ ਅੱਗੇ ਤਨ, ਮਨ ਅਤੇ ਧਨ ਸਮਪਰਪਿਤ ਕੀਤਾ ਸੀ। ਹੁਣ ਪਾਪ ਆਤਮਾ ਤੋਂ ਪੁੰਨ ਆਤਮਾ ਬਣ ਰਹੇ ਹੋ। ਸ਼ਿਵਬਾਬਾ ਨੂੰ ਤਨ,ਮਨ ਅਤੇ ਧਨ ਬਲੀ ਦਿੰਦੇ ਹੋ। ਇਸਨੇ ਵੀ ਅਰਪਣ ਕੀਤਾ ਹੈ ਨਾ। ਤਨ ਵੀ ਸੱਚੀ ਸੇਵਾ ਵਿਚ ਦੇ ਦਿੱਤਾ। ਮਾਤਾਵਾਂ ਦੇ ਅੱਗੇ ਅਰਪਣ ਕਰ ਉਨ੍ਹਾਂ ਨੂੰ ਟਰੱਸਟੀ ਬਣਾ ਦਿੱਤਾ ਹੈ। ਮਾਤਾਵਾਂ ਨੂੰ ਅੱਗੇ ਵਧਾਉਣਾ ਹੈ। ਮਾਤਾਵਾਂ ਨੇ ਆਕੇ ਸ਼ਰਨ ਲਿੱਤੀ ਤਾਂ ਉਨ੍ਹਾਂ ਦੀ ਸੰਭਾਲ ਕਿਵੇਂ ਹੋਵੇ? ਮਾਤਾਵਾਂ ਤੇ ਬਲੀ ਚੜਨਾ ਪਵੇ। ਬਾਪ ਕਹਿੰਦੇ ਹਨ ਵੰਦੇ ਮਾਤਰਮ। ਹਾਜਰ-ਨਾਜਰ ਦਾ ਵੀ ਰਾਜ਼ ਬਾਪ ਸਮਝਾਉਂਦੇ ਹਨ। ਆਤਮਾ ਪੁਕਾਰਦੀ ਹੈ ਓ ਗਾਡ ਫਾਦਰ। ਕਿਸ ਫਾਦਰ ਨੂੰ ਬੁਲਾਉਂਦੇ ਹਨ? ਸਮਝਦੇ ਨਹੀਂ। ਤੁਸੀਂ ਲਕਸ਼ਮੀ-ਨਰਾਇਣ ਬਣਦੇ ਹੋ। ਮਨੁੱਖ ਕਿੰਨਾ ਪਿਆਰ ਕਰਦੇ ਹਨ। ਹਰ ਹੋਲੀਨੈੱਸ ਅਤੇ ਹਿਸ ਹੋਲੀਨੈੱਸ ਉਨ੍ਹਾਂ ਨੂੰ ਕਿਹਾ ਜਾਂਦਾ ਹੈ। ਹੁਣ ਤੁਸੀਂ ਕਹੋਗੇ ਇਸ਼ਵਰੀਏ ਕੁੱਲ ਦੇ ਹਾਂ, ਪਹਿਲੋਂ ਅਸੀਂ ਆਸੁਰੀ ਕੁੱਲ ਦੇ ਸੀ। ਬ੍ਰਾਹਮਣਾ ਦਾ ਤੇ ਸਰਨੇਮ ਹੀ ਹੈ ਇਸ਼ਵਰੀਏ ਸੰਤਾਨ। ਬਾਪੂ ਗਾਂਧੀ ਵੀ ਚਾਹੁੰਦੇ ਸੀ ਰਾਮ ਰਾਜ ਹੋਵੇ। ਨਵੇਂ ਭਾਰਤ ਵਿਚ ਨਵਾਂ ਰਾਜ ਹੋਵੇ। ਵਰਲਡ ਆਲ ਮਾਇਟੀ ਅਥਾਰਟੀ ਹੋਵੇ ਜੋ ਕਿ ਨਿਰਾਕਾਰ ਹੀ ਬਣਾ ਸਕਦੇ ਹਨ। ਬਾਪ ਕਹਿੰਦੇ ਹਨ ਮੈਂ ਵਰਲਡ ਆਲਮਾਇਟੀ ਅਥਾਰਟੀ ਹਾਂ। ਉੱਚ ਤੇ ਉੱਚ ਨਿਰਾਕਾਰ ਹਾਂ। ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਤੇ ਮੇਰੀ ਰਚਨਾ ਹੈ। ਭਾਰਤ ਸ਼ਿਵਾਲਜ, ਸੰਪੂਰਨ ਨਿਰਵਿਕਾਰੀ ਸੀ, ਹੁਣ ਸੰਪੂਰਨ ਵਿਕਾਰੀ ਹਨ। ਇਹ ਵੀ ਨਹੀਂ ਜਾਣਦੇ ਕਿ ਸੰਪੂਰਨ ਨਿਰਵਿਕਾਰੀ ਵੀ ਇਥੇ ਹੁੰਦੇ ਹਨ। ਚਾਹੁੰਦੇ ਹਨ ਵਨ ਵਰਲਡ ਹੋਵੇ, ਵਨ ਆਲਮਾਇਟੀ ਅਥਾਰਟੀ ਰਾਜ ਹੋਵੇ। ਸੋ ਤੇ ਪਰਮਾਤਮਾ ਵਨ ਵਰਲਡ ਆਲਮਾਇਟੀ ਅਥਾਰਟੀ ਡੀ.ਟੀ, ਲਕਸ਼ਮੀ-ਨਰਾਇਣ ਦਾ ਰਾਜ ਸਥਾਪਨ ਕਰ ਰਹੇ ਹਨ। ਹੋਰ ਸਭ ਦਾ ਵਿਨਾਸ਼ ਸਾਮਣੇ ਖੜਾ ਹੈ। ਇਤਨਾ ਨਸ਼ਾ ਰਹਿਣਾ ਚਾਹੀਦਾ ਹੈ! ਇਥੋਂ ਘਰ ਜਾਂਦੇ ਹਨ ਤਾਂ ਮੂਰਛਿਤ ਹੋ ਜਾਂਦੇ ਹਨ। ਸੰਜੀਵਨੀ ਬੂਟੀ ਦੀ ਕਹਾਣੀ ਹੈ ਨਾ। ਲੇਕਿਨ ਇਹ ਤਾਂ ਗਿਆਨ ਦੀ ਬੂਟੀ ਹੈ। ਮਨਮਨਾਭਵ ਦੀ। ਦੇਹ ਅਭਿਮਾਨ ਵਿਚ ਆਉਣ ਨਾਲ ਮਾਇਆ ਦਾ ਥੱਪੜ ਲਗ ਜਾਂਦਾ ਹੈ। ਦੇਹੀ - ਅਭਿਮਾਨੀ ਬਣਨ ਨਾਲ ਥੱਪੜ ਨਹੀਂ ਲੱਗੇਗਾ। ਅਸੀਂ ਸ਼ਿਵਬਾਬਾ ਤੋਂ ਵਰਸਾ ਲੈਂਦੇ ਹਾਂ। ਬ੍ਰਹਮਾ ਦੇ ਇਹ ਅੰਤਿਮ ਜਨਮ ਹੈ, ਉਹ ਵੀ ਵਰਸਾ ਲੈਂਦੇ ਹਨ। ਡੀ.ਟੀ. ਵਰਲਡ ਸਾਵਰੰਟੀ ਇਜ਼ ਯੁਅਰ ਗੌਡ ਫਾਦਰਲੀ ਬਰਥ ਰਾਈਟ (ਸਤਿਯੁਗ ਦੀ ਰਾਜਗੱਦੀ ਤੁਹਾਨੂੰ ਪਰਮਾਤਮਾ ਤੋਂ ਮਿਲੀ ਹੋਈ ਤੁਹਾਡਾ ਜਨਮ ਸਿੱਧ ਅਧਿਕਾਰ ਹੈ) ਤੁਸੀਂ ਬੱਚਿਆਂ ਵਿਚ ਦੈਵੀ ਮੈਨਰਜ ਹੋਣੇ ਚਾਹੀਦੇ ਹਨ। ਤੁਸੀਂ ਬ੍ਰਾਹਮਣ ਦੇਵਤਾਵਾਂ ਤੋਂ ਵੀ ਉਚ ਹੋ। ਤੁਹਾਨੂੰ ਬਹੁਤ ਮਿੱਠਾ ਬੋਲਣਾ ਚਾਹੀਦਾ ਹੈ। ਭਾਸ਼ਣ ਆਦਿ ਵਿਚ ਬੋਲਣਾ ਪੈਂਦਾ ਹੈ, ਬਾਕੀ ਬੇਕਾਰ ਗੱਲਾਂ ਵਿਚ ਨਹੀਂ ਜਾਣਾ ਚਾਹੀਦਾ। ਮੁੱਖ ਤੋਂ ਸਦਾ ਗਿਆਨ ਰਤਨ ਨਿਕਾਲੋ। ਭਾਵੇਂ ਇਹ ਅੱਖਾਂ ਹਨ ਲੇਕਿਨ ਸਵਰਗ ਅਤੇ ਮੂਲਵਤਨ ਨੂੰ ਦੇਖੋ। ਗਿਆਨ ਦਾ ਨੇਤਰ ਆਤਮਾ ਨੂੰ ਪ੍ਰਾਪਤ ਹੁੰਦਾ ਹੈ। ਆਤਮਾ ਆਰਗਨਸ ਦਵਾਰਾ ਪੜਦੀ ਹੈ। ਤੁਹਾਨੂੰ ਗਿਆਨ ਦਾ ਤੀਸਰਾ ਨੇਤਰ ਮਿਲਿਆ ਹੋਇਆ ਹੈ, ਜਿਵੇਂ ਅਕਲ ਦਾੜ ਨਿਕਲਦੀ ਹੈ ਨਾ। ਬਾਪ ਵਰਸਾ ਬ੍ਰਾਹਮਣਾ ਨੂੰ ਦਵੇਗਾ, ਸ਼ੂਦਰਾਂ ਨੂੰ ਥੋੜ੍ਹੀ ਨਾ ਦੇਵੇਗਾ। ਆਤਮਾ ਨੂੰ ਤੀਸਰਾ ਨੇਤਰ ਮਿਲਦਾ ਹੈ। ਗਿਆਨ ਨੇਤਰ ਬਿਨਾ ਰਾਈਟ - ਰਾਂਗ(ਸਹੀ-ਗਲਤ) ਨੂੰ ਸਮਝ ਨਹੀਂ ਸਕਦੇ। ਰਾਵਣ ਗਲਤ ਰਸਤੇ ਤੇ ਹੀ ਚਲਾਏਗਾ। ਬਾਬਾ ਰਾਈਟ ਰਸਤੇ ਤੇ ਹੀ ਚਲਾਉਂਦੇ ਹਨ। ਸਦਾ ਇਕ ਦੂਜੇ ਤੋਂ ਗੁਣ ਲੈਣਾ ਚਾਹੀਦਾ ਹੈ। ਗੁਣ ਦੇ ਬਦਲੇ ਅਵਗੁਣ ਨਹੀਂ ਲੈਣੇ ਚਾਹੀਦੇ। ਦੇਖੋ ਡਾ: ਨਿਰਮਲਾ ਆਉਂਦੀ ਹੈ, ਉਨ੍ਹਾਂ ਦਾ ਸਵਭਾਵ ਬੜਾ ਮਿੱਠਾ ਹੈ। ਸ਼ਾਂਤਚਿੱਤ ਥੋੜਾ ਬੋਲਣਾ ਕੋਈ ਉਨ੍ਹਾਂ ਤੋਂ ਸਿੱਖੇ। ਬੜੀ ਸਿਆਨੀ ਅਤੇ ਮਿੱਠੀ ਬੱਚੀ ਹੈ। ਸ਼ਾਂਤ ਵਿੱਚ ਬੈਠਣ ਦੀ ਵੀ ਰਾਇਲਟੀ ਚਾਹੀਦੀ ਹੈ। ਇਵੇਂ ਨਹੀਂ ਕੁਝ ਸਮਾਂ ਯਾਦ ਕੀਤਾ ਬਾਕੀ ਸਾਰਾ ਦਿਨ ਖਲਾਸ। ਇਹ ਵੀ ਅਭਿਆਸ ਕਰਨਾ ਹੈ। ਬਾਪ ਨੂੰ ਯਾਦ ਕਰਨ ਤੇ ਤਾਕਤ ਆਉਂਦੀ ਹੈ। ਤਾਂ ਬਾਪ ਵੀ ਖੁਸ਼ ਹੁੰਦੇ ਹਨ। ਇਸ ਤਰ੍ਹਾਂ ਦੀ ਅਵਸਥਾ ਵਾਲਾ ਜਿਸਨੂੰ ਵੀ ਦੇਖੇਗਾ ਤਾਂ ਝੱਟ ਉਨ੍ਹਾਂ ਨੂੰ ਵੀ ਅਸ਼ਰੀਰੀ ਬਣਾ ਦਵੇਗਾ। ਅਸ਼ਰੀਰੀ ਬਣ ਜਾਂਦੇ ਹਨ, ਸ਼ਾਂਤ ਹੋ ਜਾਂਦੇ ਹਨ। ਸਿਰਫ ਸ਼ਾਂਤੀ ਵਿਚ ਬੈਠਣਾ ਕੋਈ ਸੋਖੀ ਗੱਲ ਨਹੀਂ ਹੈ, ਉਹ ਹੈ ਅਲਪਕਾਲ ਦਾ ਸੁੱਖ। ਸ਼ਾਂਤ ਹੋਕੇ ਬੈਠ ਜਾਵਾਂਗੇ ਤਾਂ ਫਿਰ ਕਰਮ ਕਿਸ ਤਰ੍ਹਾਂ ਕਰਾਂਗੇ? ਯੋਗ ਨਾਲ ਵਿਕਰਮ ਵਿਨਾਸ਼ ਹੋਣਗੇ। ਸੱਚੀ ਸੁੱਖ ਸ਼ਾਂਤੀ ਤਾਂ ਇਥੇ ਹੋ ਨਹੀਂ ਸਕਦੀ। ਇਥੇ ਹਰ ਚੀਜ਼ ਅਲਪ ਕਾਲ ਦੀ ਹੈ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ **9-4-68**

ਅੱਜਕਲ ਜ਼ਿਆਦਾ ਕਰਕੇ ਇਹ ਹੀ ਕੋਨਫ੍ਰੰਸ ਕਰਦੇ ਰਹਿੰਦੇ ਹਨ ਕਿ ਵਿਸ਼ਵ ਵਿਚ ਸ਼ਾਂਤੀ ਕਿਵੇਂ ਹੋਵੇ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਦੇਖੋ ਸਤਿਯੁਗ ਵਿਚ ਇਕ ਧਰਮ, ਇਕ ਰਾਜ, ਅਦਵੈਤ ਧਰਮ ਸੀ। ਦੂਜਾ ਕੋਈ ਧਰਮ ਹੀ ਨਹੀਂ ਸੀ ਜੋ ਤਾਲੀ ਵੱਜੇ। ਰਾਮ ਰਾਜ ਸੀ, ਤਾਂ ਹੀ ਵਿਸ਼ਵ ਵਿਚ ਸ਼ਾਂਤੀ ਸੀ। ਤੁਸੀਂ ਚਾਹੁੰਦੇ ਹੋ ਵਿਸ਼ਵ ਵਿਚ ਸ਼ਾਂਤੀ ਹੋਵੇ। ਉਹ ਤੇ ਸਤਿਯੁਗ ਵਿਚ ਸੀ। ਬਾਅਦ ਵਿਚ ਅਨੇਕ ਧਰਮ ਹੋਣ ਨਾਲ ਅਸ਼ਾਂਤੀ ਹੋਈ ਹੈ। ਪਰ ਜਦੋ ਤੱਕ ਕੋਈ ਸਮਝੇ ਓਦੋ ਤੱਕ ਮੱਥਾ ਮਾਰਨਾ ਪੈਂਦਾ ਹੈ। ਅੱਗੇ ਚੱਲਕੇ ਅਖਬਾਰਾਂ ਵਿਚ ਪਵੇਗਾ ਫਿਰ ਇਨ੍ਹਾਂ ਸੰਨਿਆਸੀਆਂ ਆਦਿ ਦੇ ਕੰਨ ਖੁੱਲਣਗੇ। ਇਹ ਤਾਂ ਤੁਸੀਂ ਬੱਚਿਆਂ ਦੀ ਖ਼ਾਤਰੀ ਹੈ ਕਿ ਸਾਡੀ ਰਾਜਧਾਨੀ ਸਥਾਪਨ ਹੋ ਰਹੀ ਹੈ। ਇਹ ਹੀ ਨਸ਼ਾ ਹੈ। ਮਿਊਜ਼ੀਅਮ ਦਾ ਭਬਕਾ ਦੇਖ ਬੜੇ ਆਉਣਗੇ। ਅੰਦਰ ਜਾਕੇ ਵੰਡਰ ਖਾਣਗੇ। ਨਵੇਂ - ਨਵੇਂ ਚਿਤਰਾਂ ਤੇ ਨਵੀਂ -

ਨਵੀਂ ਸਮਝਾਓਣੀ ਸੁਣਣਗੇ।

ਇਹ ਤੇ ਬੱਚਿਆਂ ਨੂੰ ਪਤਾ ਹੈ ਯੋਗ ਹੈ ਮੁਕਤੀ ਜੀਵਨਮੁਕਤੀ ਦੇ ਲਈ। ਸੋ ਕੋਈ ਮਨੁੱਖ ਸਿਖਾਲਾ ਨਹੀਂ ਸਕਦੇ। ਇਹ ਵੀ ਲਿਖਣਾ ਹੈ। ਸਿਵਾਏ ਪਰਮਪਿਤਾ ਪ੍ਰਮਾਤਮਾ ਦੇ ਕੋਈ ਵੀ ਮੁਕਤੀ - ਜੀਵਨਮੁਕਤੀ ਦੇ ਲਈ ਯੋਗ ਸਿਖਲਾ ਨਹੀਂ ਸਕਦੇ। ਸਰਵ ਦਾ ਸਦਗਤੀ ਦਾਤਾ ਹੈ ਹੀ ਇੱਕ । ਇਹ ਕਲੀਅਰ ਕਰ ਲਿਖਣਾ ਚਾਹੀਦਾ ਹੈ, ਜੋ ਭਾਵੇਂ ਮਨੁੱਖ ਪੜਨ। ਸੰਨਿਆਸੀ ਲੋਕ ਕੀ ਸਿਖਾਉਂਦੇ ਹੋਣਗੇ। ਯੋਗ-ਯੋਗ ਜੋ ਕਰਦੇ ਰਹਿੰਦੇ ਹਨ। ਅਸਲ ਵਿਚ ਯੋਗ ਕੋਈ ਸਿਖਲਾ ਨਹੀਂ ਸਕਦਾ। ਮਹਿਮਾ ਹੈ ਇਕ ਦੀ। ਵਿਸ਼ਵ ਵਿਚ ਸ਼ਾਂਤੀ ਸਥਾਪਨ ਕਰਨਾ ਤੇ ਮੁਕਤੀ ਜੀਵਨਮੁਕਤੀ ਦੇਣਾ ਇਕ ਬਾਪ ਦਾ ਕੰਮ ਹੈ। ਇਸ ਤਰ੍ਹਾਂ ਵਿਚਾਰ ਸਾਗਰ ਮੰਥਨ ਕਰ ਪੁਆਇੰਟ ਸਮਝਾਉਣੇ ਹਨ। ਇਸ ਤਰ੍ਹਾਂ ਲਿਖਣਾ ਚਾਹੀਦਾ ਹੈ ਜੋ ਮਨੁੱਖਾਂ ਨੂੰ ਗੱਲ ਠੀਕ ਲੱਗੇ। ਇਸ ਦੁਨੀਆ ਨੂੰ ਤੇ ਬਦਲਣਾ ਹੀ ਹੈ। ਇਹ ਹੈ ਮ੍ਰਿਤੂ ਲੋਕ। ਨਵੀ ਦੁਨੀਆ ਨੂੰ ਕਿਹਾ ਜਾਂਦਾ ਹੈ ਅਮਰਲੋਕ। ਅਮਰਲੋਕ ਵਿਚ ਮਨੁੱਖ ਕਿਵੇਂ ਅਮਰ ਰਹਿੰਦੇ ਹਨ। ਇਹ ਵੀ ਵੰਡਰ ਹੈ ਨਾ। ਉੱਥੇ ਉਮਰ ਬੜੀ ਵੱਡੀ ਰਹਿੰਦੀ ਹੈ ਤੇ ਸਮੇਂ ਤੇ ਆਪ ਹੀ ਸ਼ਰੀਰ ਬਦਲੀ ਕਰ ਲੈਂਦੇ ਹਨ। ਜਿਵੇ ਕਪੜਾ ਚੇਂਜ ਕੀਤਾ ਜਾਂਦਾ ਹੈ। ਇਹ ਸਾਰੀਆਂ ਸਮਝਾਉਣ ਦੀਆਂ ਗੱਲਾਂ ਹਨ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡ ਨਾਈਟ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਆਪਣਾ ਸਵਭਾਵ ਬਹੁਤ ਮਿੱਠਾ, ਸ਼ਾਂਤ ਚਿੱਤ ਬਣਾਉਣਾ ਹੈ। ਬਹੁਤ ਘਟ ਅਤੇ ਰਾਇਲਟੀ ਨਾਲ ਗੱਲ ਕਰਨੀ ਹੈ।

2 ਤਨ- ਮਨ ਅਤੇ ਧਨ ਨਾਲ ਬ੍ਰਹਮਾ ਬਾਪ ਵਾਂਗੂ ਟਰੱਸਟੀ ਹੋਕੇ ਰਹਿਣਾ ਹੈ।

ਵਰਦਾਨ:- ਗਿਆਨ ਅਤੇ ਯੋਗ ਦੀ ਸ਼ਕਤੀ ਨਾਲ ਹਨ ਪ੍ਰਸਥਿਤੀ ਨੂੰ ਸੈਕਿੰਡ ਵਿੱਚ ਪਾਸ ਕਰਨ ਵਾਲੇ ਮਹਾਵੀਰ ਭਵ। ਮਹਾਵੀਰ ਮਤਲਬ ਸਦਾ ਲਾਈਟ ਅਤੇ ਮਾਈਟ ਹਾਊਸ। ਗਿਆਨ ਹੈ ਲਾਈਟ ਅਤੇ ਯੋਗ ਹੈ ਮਾਇਟ। ਜੋ ਇਨ੍ਹਾਂ ਦੋਵਾਂ ਸ਼ਕਤੀਆਂ ਨਾਲ ਸੰਪੰਨ ਹੈ ਉਹ ਹਰ ਪ੍ਰਸਥਿਤੀ ਨੂੰ ਸੈਕਿੰਡ ਵਿੱਚ ਪਾਸ ਕਰ ਲੈਂਦੇ ਹਨ। ਜੇਕਰ ਸਮੇਂ ਤੇ ਪਾਸ ਨਾ ਹੋਣ ਦੇ ਸੰਸਕਾਰ ਪੈ ਜਾਂਦੇ ਹਨ ਤਾਂ ਫਾਈਨਲ ਵਿੱਚ ਵੀ ਉਹ ਸੰਸਕਾਰ ਫੁੱਲ ਪਾਸ ਹੋਣ ਨਹੀਂ ਦਿੰਦੇ। ਜੋ ਸਮੇਂ ਤੇ ਫੁੱਲ ਪਾਸ ਹੁੰਦਾ ਹੈ ਉਸਨੂੰ ਕਹਿੰਦੇ ਹਨ ਪਾਸ ਵਿਧ ਆਨਰ। ਧਰਮਰਾਜ ਵੀ ਉਸਨੂੰ ਆਨਰ ਦਿੰਦਾ ਹੈ।

ਸਲੋਗਨ:- ਯੋਗ ਅਗਨੀ ਨਾਲ ਵਿਕਾਰਾਂ ਦੇ ਬੀਜ ਨੂੰ ਭਸਮ ਕਰ ਦਵੋ ਤਾਂ ਸਮੇਂ ਤੇ ਧੋਖਾ ਮਿਲ ਨਹੀਂ ਸਕਦਾ।

******